# Medicare ਬਚਤ ਪ੍ਰੋਗਰਾਮ (Medicare Savings Programs) Medicare 'ਤੇ ਪੈਸੇ ਦੀ ਬਚਤ ਕਰਦੇ ਹਨ

ਪ੍ਰਤੀ ਸਾਲ $2,400 ਤੋਂ ਵੱਧ

## ਆਪਣੇ ਸੋਸ਼ਲ ਸਕਿਓਰਿਟੀ (Social Security) ਚੈੱਕ ਵਿੱਚ ਪੈਸੇ ਵਾਪਸ ਪਾਓ!

## Medicare ਬਚਤ ਪ੍ਰੋਗਰਾਮਾਂ ਬਾਰੇ

ਵਾਸ਼ਿੰਗਟਨ ਸਟੇਟ ਵਿੱਚ ਚਾਰ ਪ੍ਰੋਗਰਾਮ ਹਨ:

### ਪ੍ਰੋਗਰਾਮ 1
### ਯੋਗਤਾਪ੍ਰਾਪਤ Medicare ਲਾਭਪਾਤਰੀ (QMB) ਪ੍ਰੋਗਰਾਮ

- ਭਾਗ A ਅਤੇ ਭਾਗ B ਦੇ ਪ੍ਰੀਮੀਅਮਾਂ ਦਾ ਭੁਗਤਾਨ ਕਰਦਾ ਹੈ
- ਕਟੌਤੀਆਂ (deductibles) ਦਾ ਭੁਗਤਾਨ ਕਰਦਾ ਹੈ
- ਨੁਸਖ਼ੇ ਵਾਲੀਆਂ ਦਵਾਈਆਂ ਨੂੰ ਛੱਡ ਕੇ ਸਹਿ-ਭੁਗਤਾਨਾਂ (co-payments) ਦਾ ਭੁਗਤਾਨ ਕਰਦਾ ਹੈ

### ਪ੍ਰੋਗਰਾਮ 2
### ਵਿਸ਼ੇਸ਼ ਘੱਟ-ਆਮਦਨ ਵਾਲੇ Medicare ਲਾਭਪਾਤਰੀ (SLMB)

- ਭਾਗ B ਦੇ ਪ੍ਰੀਮੀਅਮ ਦਾ ਭੁਗਤਾਨ ਕਰਦਾ ਹੈ

### ਪ੍ਰੋਗਰਾਮ 3
### ਯੋਗਤਾਪ੍ਰਾਪਤ ਵਿਅਕਤੀਗਤ ਪ੍ਰੋਗਰਾਮ (QI-1)

- ਭਾਗ B ਦੇ ਪ੍ਰੀਮੀਅਮ ਦਾ ਭੁਗਤਾਨ ਕਰਦਾ ਹੈ

### ਪ੍ਰੋਗਰਾਮ 4
### ਯੋਗਤਾਪ੍ਰਾਪਤ ਅਪੰਗਤਾ ਵਾਲੇ ਕੰਮਕਾਜੀ ਵਿਅਕਤੀ (QDWI)*

- ਭਾਗ A ਦੇ ਪ੍ਰੀਮੀਅਮ ਦਾ ਭੁਗਤਾਨ ਕਰਦਾ ਹੈ

## ਪਤਾ ਕਰੋ ਕਿ ਕੀ ਤੁਸੀਂ ਯੋਗ ਹੋ

ਇਸ ਨਿੱਜੀ ਵਰਕਸ਼ੀਟ ਦੀ ਵਰਤੋਂ ਕਰੋ।

ਇਹ ਪਤਾ ਕਰਨ ਲਈ ਕਿ ਕੀ ਤੁਸੀਂ Medicare ਬਚਤ ਪ੍ਰੋਗਰਾਮ ਵਾਸਤੇ ਯੋਗ ਹੋ ਸਕਦੇ ਹੋ, ਹੇਠਾਂ ਦਿੱਤੇ ਸੌਖੇ ਕਦਮਾਂ ਦੀ ਪਾਲਣਾ ਕਰੋ ਅਤੇ ਹੇਠਾਂ ਦਿੱਤੇ ਚਾਰਟ ਨਾਲ ਕੁੱਲਾਂ ਦੀ ਤੁਲਨਾ ਕਰੋ।

1. ਆਪਣੀ **ਕੁਲ** ਮਾਸਿਕ ਘਰੇਲੂ ਆਮਦਨ ਲਿਖੋ: $____________
2. $20 ਘਟਾਓ (ਪ੍ਰਤੀ ਪਰਿਵਾਰ ਇੱਕ ਕਟੌਤੀ): $____________
3. ***ਕੁੱਲ ਆਮਦਨ:*** **$____________**
4. ਜੇਕਰ ਤੁਹਾਡੀ ਮਾਸਿਕ ਆਮਦਨ ਹੇਠਾਂ ਦਿੱਤੇ ਚਾਰਟ ਦੇ ਕਿਸੇ ਵੀ ਪੱਧਰ 'ਤੇ ਜਾਂ ਇਸ ਤੋਂ ਘੱਟ ਹੈ, ਤਾਂ ਤੁਸੀਂ Medicare ਬਚਤ ਪ੍ਰੋਗਰਾਮਾਂ ਵਿੱਚੋਂ ਕਿਸੇ ਇੱਕ ਲਈ ਯੋਗ ਹੋ ਸਕਦੇ ਹੋ।

## Medicare ਬਚਤ ਪ੍ਰੋਗਰਾਮ ਆਮਦਨ ਮਿਆਰ

| Medicare ਪ੍ਰੋਗਰਾਮ ਦੀ ਕਿਸਮ | ਮਾਸਿਕ ਆਮਦਨ (ਵਿਅਕਤੀਗਤ) | ਮਾਸਿਕ ਆਮਦਨ (ਜੋੜਾ) |
|---|---|---|
| ਪ੍ਰੋਗਰਾਮ 1 QMB | $1,483 ਤੱਕ | $2,004 ਤੱਕ |
| ਪ੍ਰੋਗਰਾਮ 2 SLMB | $1,616 ਤੱਕ | $2,185 ਤੱਕ |
| ਪ੍ਰੋਗਰਾਮ 3 QI-1 | $1,855 ਤੱਕ | $2,510 ਤੱਕ |
| ਪ੍ਰੋਗਰਾਮ 4 QDWI* | $2,680 ਤੱਕ | $3,628 ਤੱਕ |

***4/1/2026 ਤੋਂ ਪ੍ਰਭਾਵੀ**

ਅਪੰਗਤਾ ਵਾਲੇ ਕੰਮਕਾਜੀ ਵਿਅਕਤੀਆਂ ਲਈ QDWI ਪ੍ਰੋਗਰਾਮ ਵਿੱਚ ਵਿਸ਼ੇਸ਼ ਕਮਾਈ ਕੀਤੀ ਆਮਦਨ ਦੀਆਂ ਕਟੌਤੀਆਂ ਹਨ, ਇਸ ਲਈ ਤੁਹਾਨੂੰ ਇਸ ਪ੍ਰੋਗਰਾਮ ਲਈ ਯੋਗਤਾ ਨਿਰਧਾਰਤ ਕਰਨ ਵਿੱਚ ਸਹਾਇਤਾ ਲਈ ਕਾਲ ਕਰਨ ਦੀ ਲੋੜ ਹੋਵੇਗੀ।

## ਮੈਂ ਕਿਵੇਂ ਅਪਲਾਈ ਕਰਾਂ?

*ਇਹ ਸੌਖਾ ਹੈ! ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਇੱਕ ਨਾਲ ਸੰਪਰਕ ਕਰੋ:*

- ਆਪਣੇ ਨੇੜੇ ਇੱਕ CSO ਲੱਭੋ: **dshs.wa.gov/office-locations**
- ਇੰਟਰਨੈੱਟ 'ਤੇ, ਇਸ ਵੈੱਬਸਾਈਟ 'ਤੇ ਜਾਓ: **washingtonconnection.org/home/**
- ਤੁਸੀਂ ਹੈਲਥ ਕੇਅਰ ਅਥਾਰਟੀ ਨੂੰ 1-800-562-3022, ਐਕਸਟੈਂਸ਼ਨ 16129 'ਤੇ ਕਾਲ ਕਰ ਸਕਦੇ ਹੋ ਤਾਂ ਜੋ ਤੁਹਾਨੂੰ ਇੱਕ ਐਪਲੀਕੇਸ਼ਨ ਡਾਕ ਰਾਹੀਂ ਭੇਜੀ ਜਾ ਸਕੇ।
- ਸਟੇਟਵਾਈਡ ਹੈਲਥ ਇੰਸ਼ੋਰੈਂਸ ਬੈਨੀਫਿਟ ਐਡਵਾਈਜ਼ਰ (Statewide Health Insurance Benefit Advisor - SHIBA) ਨਾਲ 1-800-562-6900 'ਤੇ ਸੰਪਰਕ ਕਰੋ ਅਤੇ ਆਪਣੇ ਸਥਾਨਕ SHIBA ਦਫ਼ਤਰ ਨਾਲ ਜੁੜਨ ਲਈ ਕਹੋ।
- Medicare ਭਾਗ D ਦੀ ਵਾਧੂ ਸਹਾਇਤਾ ਲਈ ਸੋਸ਼ਲ ਸਕਿਓਰਿਟੀ ਪ੍ਰਸ਼ਾਸਨ (Social Security Administration) ਨਾਲ 1-800-772-1213 'ਤੇ ਸੰਪਰਕ ਕਰੋ ਜਾਂ ਇੱਥੇ ਜਾਓ: **ssa.gov/medicare/part-d-extra-help**

## ਜੇਕਰ ਤੁਸੀਂ Medicare ਲਾਭਪਾਤਰੀ ਹੋ

ਤੁਸੀਂ ਇੱਕ ਅਜਿਹੇ ਪ੍ਰੋਗਰਾਮ ਲਈ ਯੋਗ ਹੋ ਸਕਦੇ ਹੋ ਜੋ ਤੁਹਾਡੇ ਸਾਲਾਨਾ $2,200 ਤੋਂ ਵੱਧ ਬਚਾ ਸਕਦਾ ਹੈ। Medicare ਬਚਤ ਪ੍ਰੋਗਰਾਮ Medicare ਪ੍ਰੀਮੀਅਮਾਂ, ਕਟੌਤੀਆਂ ਅਤੇ Medicare ਨਾਲ ਸਬੰਧਤ ਹੋਰ ਖਰਚਿਆਂ ਦਾ ਭੁਗਤਾਨ ਕਰਕੇ ਯੋਗ ਲੋਕਾਂ ਦੀ ਮਦਦ ਕਰਦੇ ਹਨ। ਤੁਹਾਡੇ ਕੋਲ ਜਾਂ ਤਾਂ ਮਿਆਰੀ Medicare ਜਾਂ Medicare ਪ੍ਰਬੰਧਿਤ ਦੇਖਭਾਲ ਯੋਜਨਾ ਹੋ ਸਕਦੀ ਹੈ।

## ਅਪਲਾਈ ਕਰਨਾ ਸੌਖਾ ਹੈ।

ਜਾਣਕਾਰੀ ਅਤੇ ਸਹਾਇਤਾ ਲਈ ਅੱਜ ਹੀ ਕਾਲ ਕਰੋ — ਤੁਸੀਂ ਆਪਣੀ ਜੇਬ ਵਿੱਚ ਧਨ ਵਾਪਸ ਪ੍ਰਾਪਤ ਕਰ ਸਕਦੇ ਹੋ!

## ਕਿਸ ਕਿਸਮ ਦੇ ਖ਼ਰਚੇ ਕਵਰ ਕੀਤੇ ਜਾਂਦੇ ਹਨ?

Medicare ਬਚਤ ਪ੍ਰੋਗਰਾਮ ਹੇਠਾਂ ਦਿੱਤੇ ਖਰਚਿਆਂ ਨੂੰ ਕਵਰ ਕਰ ਸਕਦੇ ਹਨ:

- ਭਾਗ A ਦੇ ਪ੍ਰੀਮੀਅਮ
- ਭਾਗ B ਦੇ ਪ੍ਰੀਮੀਅਮ
- Medicare ਸਹਿ-ਬੀਮਾ
- Medicare ਕਟੌਤੀਆਂ

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਂ ਯੋਗ ਹਾਂ?

ਵਾਸ਼ਿੰਗਟਨ ਸਟੇਟ ਵਿੱਚ ਹਜ਼ਾਰਾਂ ਲੋਕੀ Medicare ਬਚਤ ਪ੍ਰੋਗਰਾਮ ਵਾਸਤੇ ਯੋਗ ਹਨ। ਇਹ ਪਤਾ ਲਗਾਉਣ ਲਈ ਕਿ ਕੀ ਤੁਸੀਂ ਯੋਗ ਹੋ ਸਕਦੇ ਹੋ, ਇਸ ਫਲਾਇਰ ਦੇ ਆਮਦਨ ਚਾਰਟ ਨੂੰ ਦੇਖੋ। ਜੇਕਰ ਤੁਹਾਡੀ ਮਾਸਿਕ ਆਮਦਨ ਉੱਪਰ ਦਿੱਤੇ ਚਾਰਟ ਦੇ ਕਿਸੇ ਵੀ ਪੱਧਰ 'ਤੇ ਜਾਂ ਇਸ ਤੋਂ ਹੇਠਾਂ ਹੈ, ਤਾਂ ਤੁਸੀਂ Medicare ਬਚਤ ਪ੍ਰੋਗਰਾਮਾਂ ਵਿੱਚੋਂ ਕਿਸੇ ਇੱਕ ਲਈ ਵੀ ਯੋਗ ਹੋ ਸਕਦੇ ਹੋ।

## ਕੀ ਇਹ ਲਾਭ ਮੇਰੀ ਸੰਪਤੀ ਨੂੰ ਪ੍ਰਭਾਵਿਤ ਕਰਨਗੇ?

ਨਹੀਂ, Medicare ਬਚਤ ਪ੍ਰੋਗਰਾਮਾਂ ਲਈ ਕੋਈ ਸੰਪਤੀ ਦੀ ਰਿਕਵਰੀ ਨਹੀਂ ਹੈ।

ਜੇਕਰ ਤੁਹਾਨੂੰ ਕਿਸੇ ਵਿਸ਼ੇਸ਼ ਸਹੂਲਤ ਦੀ ਲੋੜ ਹੈ, ਜਾਂ ਕਿਸੇ ਹੋਰ ਫਾਰਮੈਟ ਜਾਂ ਭਾਸ਼ਾ ਵਿੱਚ ਦਸਤਾਵੇਜ਼ਾਂ ਦੀ ਲੋੜ ਹੈ, ਤਾਂ ਕਿਰਪਾ ਕਰਕੇ 1-800-562-3022 (TRS: 711) 'ਤੇ ਕਾਲ ਕਰੋ।



